ਅੰਧੇਰ ਨਗਰੀ ਬੇਦਾਦ ਰਾਜਾ !
ਟਕੇ ਸੇਰ ਭਾਜੀ ਟਕੇ ਸੇਰ ਖਾਜਾ !!

# ਕਸਾਈ ਰਾਜਾ

ਤੇ

# ਦੁਖੀ ਪਰਜਾ

## ਹਿੱਸਾ ਪਹਿਲਾ

* ਜਿਸ ਵਿੱਚ *

ਰੂਸ ਦੇ ਬਾਦਸ਼ਾਹਾਂ ਦੇ ਘੋਰ
ਅਤਯਾਚਾਰਾਂ ਦਾ ਵਰਨਣ ਹੈ !

ਪ੍ਰਕਾਸ਼ਕ
'ਹਿੰਦਪਾਲ ਏਜੰਸੀ' ਅੰਮ੍ਰਿਤਸਰ

"ਖਾਲਸਾ ਪ੍ਰਦੇਸੀ ਮਾਲਵਾ ਪ੍ਰੈਸ" ਅੰਮ੍ਰਿਤਸਰ ਵਿਚ ਸ: ਨਾਹਰ ਸਿੰਘ ਗਯਾਨੀ ਪ੍ਰਿੰਟਰ ਦੇ ਯਤਨ ਨਾਲ ਛਪੀ।

੧੦੦੦} {ਮੁਲ ।।।)

G-972

ਦੇਸ਼ ਦੇ ਉਧਾਰ ਲਈ

# ਹਿੰਦ-ਪਾਲ ਏਜੰਸੀ

## ਕਾਇਮ ਹੋ ਗਈ !

ਵਿਦਿਆ ਦੇ ਪ੍ਰਚਾਰ ਤੇ ਦੇਸ਼ ਦੇ ਉਧਾਰ ਹਿਤ ਅੰਮ੍ਰਿਤਸਰ ਵਿਚ 'ਹਿੰਦ ਪਾਲ ਏਜੰਸੀ' ਕਾਇਮ ਕੀਤੀ ਗਈ ਹੈ, ਜਿਸਦਾ ਮੁਖ ਕੰਮ ਇਹ ਹੈ ਕਿ ਭਾਈਚਾਰਕ, ਸਮਾਜਕ, ਸਦਾ ਚਾਰਕ, ਧਾਰਮਕ ਤੇ ਰਾਜਸੀ ਆਦਿਕ ਵਿਸ਼ਿਆਂ ਪੁਰ ਤਰ੍ਹਾਂ ੨ ਦੀਆਂ ਪੁਸਤਕਾਂ ਪਰਕਾਸ਼ਤ ਕੀਤੀਆਂ ਜਾਣ ਤੇ ਦੇਸ਼ ਵਿਚ ਵਿਦਯਾ ਦਾ ਪ੍ਰਚਾਰ ਕਰਕੇ ਦੇਸ਼ ਨੂੰ ਉਨਤਿ ਅਵਸਥਾ ਵਿਚ ਲਿਆਂਦਾ ਜਾਵੇ।

ਆਸ਼ਾ ਹੈ ਕਿ ਪਬਲਿਕ ਇਸ ਏਜੰਸੀ ਦੇ ਪੁਸਤਕਾਂ ਤੋਂ ਲਾਭ ਉਠਾਵੇਗੀ।

ਹਰ ਪ੍ਰਕਾਰ ਦੀ ਲਿਖਤ ਪੜ੍ਹਤ ਦਾ ਪਤਾ:—

**ਮੈਨੇਜਰ 'ਹਿੰਦ ਪਾਲ ਏਜੰਸੀ'**

**ਅੰਮ੍ਰਿਤਸਰ**

# ਮੁਖਬੰਦ

ਇਸ ਗਲ ਤੋਂ ਦੁਨੀਆਂ ਦਾ ਹਰ ਇਕ ਸਮਝਦਾਰ ਪ੍ਰਾਣੀ ਅੱਛੀ ਤਰਾਂ ਜਾਣੂ ਹੈ ਕਿ ਰੂਸ ਵਿਚ ਅਜ ਕਲ ਜ਼ਾਰ ਰੂਸ ਦੀ ਕਰੜੀ ਹਕੂਮਤ ਦੀ ਥਾਂ ਪੰਚਾਇਤੀ ਰਾਜ ਕਾਇਮ ਹੈ। ਤੇ ਰੂਸ ਦਾ ਇਕ ਮਾਮੂਲੀ ਤੇ ਮਾਮੂਲੀ ਆਦਮੀ ਭੀ ਆਪਣੇ ਆਪਨੂੰ ਆਜ਼ਾਦ ਸਮਝਦਾ ਹੋਯਾ ਛਾਤੀ ਤਾਣਕੇ ਤੁਰਦਾ ਹੈ ਤੇ ਕਹਿੰਦਾ ਹੈ ਕਿ ਰੂਸ ਦੇ ਸਚੇ ਦੇਸ਼ ਭਗਤਾਂ ਤੇ ਲੀਡਰਾਂ ਤੇ ਆਮ ਪਬਲਿਕ ਦੀ ਸਚੀ ਦੇਸ਼ ਭਗਤੀ ਦੇ ਪ੍ਰਾਕਰਮ ਨਾਲ ਰੂਸੀ ਲੋਕ ਸੰਸਾਰ ਦੇ ਤਹਿਜ਼ੀਬ ਯਾਫਤਾ ਦੇਸ਼ਾਂ ਵਿਚ ਮਹੱਜ਼ਬ ਤੇ ਆਜ਼ਾਦ ਕਹਾਉਣ ਦੇ ਦਾਵੇਦਾਰ ਬਣੇ ਹਨ, ਤੇ ਸੰਸਾਰ ਦੀਆਂ ਸਮੂਹ ਜਾਤੀਆਂ ਨੂੰ ਆਪਣੇ ਵਾਂਗ ਆਜ਼ਾਦ ਦੇਖਣ ਦੇ ਇਛਾਵਾਨ ਹਨ। ਰੂਸ ਨੂੰ ਆਜ਼ਾਦ ਹੋਇਆਂ ਕੁਲ ਦਸ ਵਰ੍ਹੇ ਹੋਏ ਹਨ ਤੇ ਇਹ ਇਕ ਵਰਤਮਾਨ ਸਮੇਂ ਦਾ ਅਸਚਰਜ ਚਮਤਕਾਰਾ ਹੈ, ਜੋ ਦੁਨੀਆਂ ਦੀਆਂ ਗੁਲਾਮ ਜਾਤੀਆਂ ਲਈ ਇਕ ਸਿਖਯਾ ਦਾਇਕ ਤਵਾਰੀਖੀ ਘਟਨਾ ਹੈ। ਰੂਸ ਕਿਉਂ ਤੇ ਕਿਵੇਂ ਆਜ਼ਾਦ ਹੋਯਾ ਤੇ ਜ਼ਾਰ ਰੂਸ ਦੀ ਮੁਗਲੀਆ ਖਾਨਦਾਨ ਜੇਹੀ ਸਦੀਆਂ ਤੋਂ ਕਾਇਮ ਹੋਈ ਜ਼ਬਰਦਸਤ ਬਾਦਸ਼ਾਹੀ ਅਚਨਚੇਤ ਕਿਵੇਂ ਨਾਸ ਹੋਗਈ, ਇਹ ਇਕ ਅਚਰਜ ਵਾਰਤਾ ਹੈ। ਜਿਸਦੀ ਵਿਥਿਆ ਇਕ ਅੰਗਰੇਜ਼ ਨੇ ਲਿਖੀ ਹੈ ਤੇ ਜਿਸਦਾ ਉਲਥਾ (ਅਨੁਵਾਦ) ਪਾਠਕਾਂ ਦੀ ਗਜਾਤ ਲਈ ਉਨ੍ਹਾਂ ਦੇ ਪੇਸ਼



ਕੀਤਾ ਜਾਂਦਾ ਹੈ।

ਇਹ ਅੰਗਰੇਜ਼ (ਸ਼ੋਕ ਕਿ ਇਸਦੇ ਨਾਮ ਦਾ ਪਤਾ ਨਹੀਂ ਲਗ ਸਕਿਆ) ਬਹੁਤ ਚਿਰ ਤਕ ਰੂਸ ਵਿਚ ਰਿਹਾ ਤੇ ਇਸਨੇ ਜਰਮਨੀ, ਅਮਰੀਕਾ ਆਦਿ ਦੇਸ਼ਾਂ ਦੀ ਖੂਬ ਸੈਰ ਕੀਤੀ ਤੇ ਅਨੇਕਾਂ ਕਿਤਾਬਾਂ ਲਿਖੀਆਂ। ਰੂਸ ਸਬੰਧੀ ਇਸਨੇ ਜੋ ਕਿਤਾਬਾਂ ਲਿਖੀਆਂ ਉਨ੍ਹਾਂ ਵਿਚੋਂ ਇਕ ਪੁਸਤਕ "ਜ਼ਾਲਮ ਬਾਦਸ਼ਾਹ ਮਜ਼ਲੂਮ ਰਿਆਇਆ" ਨਾਮੇ ਉਰਦੂ ਵਿਚ ਪ੍ਰਕਾਸ਼ਤ ਹੋਈ ਹੋਈ ਹੈ, ਜਿਸਨੂੰ ਪੰਜਾਬੀਵਿਚ ਉਲਟਾਕੇ ਉਸਦਾ ਨਾਮ 'ਕਸਾਈ ਰਾਜਾ ਤੇ ਦੁਖੀ ਪਰਜਾ' ਰਖਕੇ ਪਾਠਕਾਂ ਦੀ ਭੇਟਾ ਕੀਤਾ ਜਾਂਦਾ ਹੈ।

ਇਸ ਅੰਗਰੇਜ਼ ਨੇ ਇਸ ਪੁਸਤਕ ਅੰਦਰ ੧੮੨੫ ਤੋਂ ਲੈਕੇ ੧੯੦੪ ਤਕ ਹੋ ਗੁਜ਼ਰੇ ਰੂਸ ਦੇ ਬਾਦਸ਼ਾਹਾਂ ਨਿਕੋਲਸ ਪਹਿਲਾ, ਅਲੈਗਜ਼ੈਂਡਰ ਦੂਜਾ, ਅਲੈਂਡਰ ਤੀਜਾ ਤੇ ਨਿਕੋਲਸ ਦੂਜੇ ਦੇ ਰਾਜ ਪ੍ਰਬੰਧ, ਰਾਜਸੀ ਪਾਲਿਸੀ, ਰੂਸੀਗ੍ਰੀਬ ਪ੍ਰਜਾ ਦੀ ਦੁਰਦਸ਼ਾ ਜਾਪਾਨ ਤੇ ਰੂਸ ਦੀ ਲੜਾਈ ਦੇ ਕਾਰਨ ਤੇ ਉਸਦਾ ਨਤੀਜਾ ਤੇ ਰੂਸ ਵਿਚ ਬੇਚੈਨੀ ਪੈਦਾ ਹੋਣ ਦੇ ਸਾਮਾਨ ਅਛੀ ਤਰਾਂ ਖੋਲਕੇ ਵਰਨਣ ਕੀਤੇ ਹਨ। ਪੁਸਤਕ ਦੇ ਪੜ੍ਹਿਆਂ ਪਤਾ ਲਗਦਾ ਹੈ ਕਿ ਰੂਸ ਦੇ ਬਾਦਸ਼ਾਹ ਪਰਜਾ ਨੂੰ ਕਿਸਤਰਾਂ ਮੂਰਖ ਬਣਾਕੇ ਆਪਣੇ ਸੁਖ ਦੀ ਖਾਤਰ ਉਨ੍ਹਾਂ ਨੂ ਤਸੀਹੇ ਦਿਆ ਕਰਦੇ ਸਨ।

ਸੱਚ ਮੁਚ ਨਿਕੋਲਸ ਪਹਿਲਾ ਜਿਸਨੇ ੧੮੨੫ ਈ: ਤੋਂ ੧੮੫੫ ਈ: ਤਕ ਰਾਜ ਕੀਤਾ ਬੜਾ ਹੀ ਅਤਯਾਚਾਰੀ ਬਾਦਸ਼ਾਹ ਸੀ। ਉਸਦੀ ਰਾਜਸੀ ਪਾਲਸੀ ਏਹੋ ਸੀ ਕਿ ਰੂਸ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.